# HIV ਨਾਲ ਜੀਵਨ ਬਸਰ ਕਰਨਾ:ਆਪਣੇ ਅਧਿਕਾਰਾਂ ਨੂੰ ਜਾਣੋ

Canadian HIV/AIDS Legal Network | Réseau juridique canadien VIH/sida

# ਖੁਲਾਸਾ, ਪਰਦੇਦਾਰੀ

# ਅਤੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ

## ਸਵਾਲ ਅਤੇ ਜਵਾਬ

---

### 1. ਮੈਂ HIV ਨਾਲ ਜੀਵਨ ਬਸਰ ਕਰ ਰਿਹਾ/ਰਹੀ ਹਾਂ। ਕੀ ਮੈਨੂੰ ਆਪਣੇ ਬੱਚੇ (ਬੱਚਿਆਂ) ਨੂੰ ਮੇਰੀ ਅਵਸਥਾ ਬਾਰੇ ਦੱਸਣ ਦੀ ਲੋੜ ਹੈ?

ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਨੂੰ ਆਪਣੇ ਬੱਚੇ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਤੁਹਾਨੂੰ HIV ਹੈ। ਤੁਹਾਡੀ ਨਿੱਜੀ ਸੇਹਤ ਜਾਣਕਾਰੀ, ਜਿਸ ਵਿੱਚ ਤੁਹਾਡੀ HIV ਅਵਸਥਾ ਸ਼ਾਮਲ ਹੈ, ਗੁਪਤ, ਨਿੱਜੀ ਜਾਣਕਾਰੀ ਹੁੰਦੀ ਹੈ। ਤੁਹਾਡੀ HIV ਅਵਸਥਾ ਬਾਰੇ ਤੁਹਾਡੇ ਬੱਚਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਕੋਲ ਖੁਲਾਸਾ ਕਰਨਾ ਜਾਂ ਨਾ ਕਰਨਾ ਤੁਹਾਡੀ ਚੋਣ ਹੈ, ਸਿਵਾਏ ਉਹਨਾਂ ਲੋਕਾਂ ਦੇ ਜਿੰਨ੍ਹਾਂ ਨਾਲ ਤੁਹਾਡਾ ਜਿਨਸੀ ਰਿਸ਼ਤਾ ਹੈ।

ਲਗਭਗ ਸਾਰੀਆਂ ਪਰਿਵਾਰਕ ਅੰਤਰ-ਕਿਰਿਆਵਾਂ ਅਤੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਦੀਆਂ ਭੂਮਿਕਾਵਾਂ ਕਿਸੇ ਹੋਰ ਨੂੰ HIV ਦਾ ਸੰਚਾਰ ਕਰਨ ਦਾ ਕੋਈ ਅਸਲ ਖਤਰਾ ਖੜ੍ਹਾ ਨਹੀਂ ਕਰਦੀਆਂ। ਉਦਾਹਰਨ ਲਈ, ਤੁਹਾਨੂੰ ਜੱਫੀ ਪਾਉਣ ਦੁਆਰਾ, ਤੁਹਾਡੇ ਨਾਲ ਖਾਣੇ ਸਾਂਝੇ ਕਰਨ ਦੁਆਰਾ, ਜਾਂ ਤੁਹਾਡੇ ਨਾਲ ਗੇਮਾਂ ਖੇਡਣ ਦੁਆਰਾ ਤੁਹਾਨੂੰ ਬੱਚੇ ਨੂੰ HIV ਨਹੀਂ ਹੋ ਸਕਦਾ। ਪਰ, ਨੋਟ ਕਰੋ ਕਿ, ਉਸ ਦੁਰਲੱਭ ਮਾਮਲੇ ਵਿੱਚ ਜਦ ਤੁਹਾਡੇ ਬੱਚੇ ਦਾ ਸਾਹਮਣਾ HIV ਫੈਲਣ ਦੇ ਖਤਰੇ ਨਾਲ ਹੋ ਜਾਂਦਾ ਹੈ (ਉਦਾਹਰਨ ਲਈ ਕਿਸੇ ਹਾਦਸੇ ਦੀ ਸੂਰਤ ਵਿੱਚ ਜਿੱਥੇ ਖੂਨ ਮਿਲ਼ ਗਿਆ ਹੋ ਸਕਦਾ ਹੈ), ਤੁਹਾਥੋਂ ਲੋੜਿਆ ਜਾਂਦਾ ਹੈ ਕਿ ਤੁਸੀਂ ਆਪਣੀ HIV-ਪਾਜ਼ੇਟਿਵ ਅਵਸਥਾ ਦਾ ਖੁਲਾਸਾ ਆਪਣੇ ਬੱਚੇ ਅਤੇ/ਜਾਂ ਸਿਹਤ-ਸੰਭਾਲ ਪ੍ਰਦਾਨਕਾਂ ਕੋਲ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਨੂੰ ਉਚਿਤ ਡਾਕਟਰੀ ਸੰਭਾਲ ਪ੍ਰਾਪਤ ਹੁੰਦੀ ਹੈ।

## 2. ਜੇ ਕੋਈ ਮੇਰੇ ਬੱਚੇ ਜਾਂ ਮੇਰੇ ਬੱਚੇ ਦੇ ਦੋਸਤਾਂ ਨੂੰ ਦੱਸਦਾ ਹੈ ਕਿ ਮੈਂ HIV ਦੇ ਨਾਲ ਜੀਵਨ ਬਸਰ ਕਰ ਰਿਹਾ/ਰਹੀ ਹਾਂ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਜਵਾਬ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਉਹਨਾਂ ਨੂੰ ਕੌਣ ਦੱਸਦਾ ਹੈ। ਹਾਲਾਂਕਿ ਤੁਹਾਡੀ ਸਹਿਮਤੀ ਦੇ ਬਿਨਾਂ ਕਿਸੇ ਨੂੰ ਵੀ ਤੁਹਾਡੀ ਨਿੱਜੀ ਸਿਹਤ ਜਾਣਕਾਰੀ ਬਾਰੇ ਤੁਹਾਡੇ ਬੱਚੇ ਨੂੰ ਨਹੀਂ ਦੱਸਣਾ ਚਾਹੀਦਾ, ਪਰ ਅਜਿਹਾ ਵਾਪਰ ਜਾਂਦਾ ਹੈ ਤਾਂ ਹੋ ਸਕਦਾ ਹੈ ਤੁਹਾਡੇ ਕੋਲ ਕੋਈ ਕਨੂੰਨੀ ਚਾਰਾਜੋਈ ਨਾ ਹੋਵੇ। ਕੈਨੇਡਾ ਵਿੱਚ, ਪਰਦੇਦਾਰੀ ਕਨੂੰਨ ਕੁਝ ਕੁ ਪੈਚਵਰਕ ਵਰਗੇ ਹਨ। ਵਿਹਾਰਕ ਰੂਪ ਵਿੱਚ, ਅਕਸਰ ਜਾਣਕਾਰੀ ਦੇ ਪ੍ਰਵਾਹ ਨੂੰ ਕੰਟਰੋਲ ਕਰਨਾ ਮੁਸ਼ਕਿਲ ਹੁੰਦਾ ਹੈ ਅਤੇ ਜੇਕਰ ਪਰਦੇਦਾਰੀ ਦੀ ਉਲੰਘਣਾ ਵਾਪਰਦੀ ਹੈ ਤਾਂ ਕਨੂੰਨੀ ਉਪਚਾਰ ਸੀਮਤ ਹਨ।

ਜੇ ਤੁਸੀਂ ਤੁਹਾਡੀ ਪਰਦੇਦਾਰੀ ਬਣਾਈ ਰੱਖਣ ਦੀ ਕਨੂੰਨੀ ਜਿੰਮੇਵਾਰੀ ਦੇ ਨਾਲ, ਆਪਣੀ HIV ਅਵਸਥਾ ਦਾ ਖੁਲਾਸਾ ਕਿਸੇ ਵਿਅਕਤੀ ਨੂੰ ਕਰਨ ਦੀ ਚੋਣ ਕਰਦੇ ਹੋ, ਜਿਵੇਂ ਕਿ ਤੁਹਾਡਾ ਰੁਜ਼ਗਾਰਦਾਤਾ, ਤਾਂ ਉਸ ਵਿਅਕਤੀ ਨੂੰ ਤੁਹਾਡੀ ਸਹਿਮਤੀ ਦੇ ਬਿਨਾਂ ਤੁਹਾਡੇ ਬੱਚੇ ਨੂੰ ਦੱਸਣ ਤੋਂ ਮਨ੍ਹਾਂ ਕੀਤਾ ਜਾਵੇਗਾ। ਜੇ ਕੋਈ ਗੁਆਂਢੀ, ਸਹਿ-ਕਰਮਚਾਰੀ ਜਾਂ ਜਾਣੂੰ ਤੁਹਾਡੇ ਬੱਚੇ ਨੂੰ ਤੁਹਾਡੀ HIV ਅਵਸਥਾ ਬਾਰੇ ਦੱਸਦਾ ਹੈ, ਤਾਂ ਹੋ ਸਕਦਾ ਹੈ ਗੁਪਤਤਾ ਦੇ ਸਬੰਧ ਵਿੱਚ ਉਹਨਾਂ ਦਾ ਉਹੀ ਕਨੂੰਨੀ ਕਰੱਤਵ ਨਾ ਬਣਦਾ ਹੋਵੇ। ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੀ ਪਰਦੇਦਾਰੀ ਦੀ ਉਲੰਘਣਾ ਕੀਤੀ ਗਈ ਹੈ, ਤਾਂ ਕਿਸੇ ਵਕੀਲ, ਲੀਗਲ ਕਲੀਨਿਕ ਜਾਂ ਤੁਹਾਡੇ ਸੂਬੇ/ਖਿੱਤੇ ਦੇ ਪਰਦੇਦਾਰੀ ਕਮਿਸ਼ਨਰ ਨਾਲ ਸਲਾਹ ਵਾਸਤੇ ਗੱਲ ਕਰੋ।

## 3. ਕੀ ਮੇਰੇ ਬੱਚੇ ਨੂੰ ਮੇਰੇ ਤੋਂ ਦੂਰ ਲਿਜਾਇਆ ਜਾ ਸਕਦਾ ਹੈ ਕਿਉਂਕਿ ਮੈਂ HIV-ਪਾਜੇਟਿਵ ਹਾਂ?

ਨਹੀਂ। HIV ਨਾਲ ਜੀਵਨ ਬਸਰ ਕਰ ਰਹੇ ਲੋਕ ਸ਼ਾਨਦਾਰ ਮਾਪੇ ਬਣ ਸਕਦੇ ਹਨ ਅਤੇ ਆਪਣੇ ਆਪ ਵਿੱਚ, HIV-ਪਾਜੇਟਿਵ ਹੋਣ ਵਿੱਚ ਕੁਝ ਵੀ ਅਜਿਹਾ ਨਹੀਂ ਹੈ, ਜੋ ਤੁਹਾਡੇ ਬੱਚਿਆਂ ਨੂੰ ਤੁਹਾਡੇ ਕੋਲੋਂ ਦੂਰ ਲਿਜਾਏ ਜਾਣ ਨੂੰ ਵਾਜਬ ਠਹਿਰਾਵੇ। HIV ਸਾਧਾਰਨ ਸੰਪਰਕ ਰਾਹੀਂ ਨਹੀਂ ਫੈਲਦਾ, ਇਸ ਕਰਕੇ ਆਮ ਤੌਰ ’ਤੇ ਉਸ ਬੱਚੇ ਨੂੰ ਕੋਈ ਖਤਰਾ ਨਹੀਂ ਹੁੰਦਾ ਜੋ HIV ਨਾਲ ਜੀਵਨ ਬਸਰ ਕਰ ਰਹੇ ਕਿਸੇ ਵਿਅਕਤੀ ਦੇ ਨਾਲ ਰਹਿੰਦਾ ਹੈ।

## 4. ਮੈਂ ਆਪਣੀ ਪਤਨੀ/ਪਤੀ ਨਾਲੋਂ ਵੱਖ ਹੋ ਗਿਆ/ਗਈ ਹਾਂ। ਕੀ ਮੇਰੀ HIV-ਪਾਜੇਟਿਵ ਅਵਸਥਾ ਸਾਡੇ ਹਵਾਲਗੀ ਦੇ ਇਕਰਾਰਨਾਮੇ (custody agreement), ਬਾਲ ਸਹਾਇਤਾ ਭੁਗਤਾਨਾਂ, ਜਾਂ ਬੱਚੇ ਦੀ ਮੁੱਢਲੀ ਰਿਹਾਇਸ਼ ਨੂੰ ਪ੍ਰਭਾਵਿਤ ਕਰੇਗੀ?

ਤੁਹਾਡੀ HIV ਅਵਸਥਾ ਨੂੰ ਆਪਣੇ ਤੌਰ ’ਤੇ ਤੁਹਾਡੇ ਬੱਚੇ ਦੀ ਹਵਾਲਗੀ (custody) ਜਾਂ ਰਿਹਾਇਸ਼ ਸਬੰਧੀ ਫੈਸਲਿਆਂ ਨੂੰ ਪ੍ਰਭਾਵਿਤ ਨਹੀਂ ਕਰਨਾ ਚਾਹੀਦਾ। ਇੱਕ ਮਾਪੇ ਵਜੋਂ ਤੁਹਾਡੇ ਅਧਿਕਾਰ ਅਤੇ ਜਿੰਮੇਵਾਰੀਆਂ ਇਸ ਕਰਕੇ ਨਹੀਂ ਬਦਲਦੇ ਕਿਉਂਕਿ ਤੁਸੀਂ HIV-ਪਾਜੇਟਿਵ ਹੋ।

ਤੁਹਾਡੇ ਬੱਚੇ ਕਿੱਥੇ ਰਹਿਣਗੇ, ਉਹਨਾਂ ਵਾਸਤੇ ਫੈਸਲੇ ਕਰਨ ਦੀ ਯੋਗਤਾ ਕਿਸ ਕੋਲ ਹੋਵੇਗੀ, ਅਤੇ ਉਹਨਾਂ ਦੀ ਸੰਭਾਲ ਕਰਨਾ ਕਿਸ ਦਾ ਕਰੱਤਵ ਹੋਵੇਗਾ, ਇਹ ਨਿਰਣਾ ਕਰਨ ਵਿੱਚ ਪ੍ਰਮੁੱਖ ਵਿਚਾਰਿਆ ਜਾਣ ਵਾਲਾ ਤੱਥ ਹੈ ਬੱਚਿਆਂ ਦੇ ਸਭ ਤੋਂ ਵਧੀਆ ਹਿੱਤ। ਬੱਚਿਆਂ ਦੇ ਸਭ ਤੋਂ ਵਧੀਆ ਹਿੱਤਾਂ ਦਾ ਨਿਰਣਾ ਕਰਨ ਵਿੱਚ ਵਿਚਾਰੇ ਜਾਣ ਵਾਲੇ ਕਾਰਕਾਂ ਵਿੱਚ ਨਿਮਨਲਿਖਤ ਚੀਜ਼ਾਂ ਸ਼ਾਮਲ ਹਨ: ਉਹਨਾਂ ਦੀਆਂ ਇੱਛਾਵਾਂ ਅਤੇ ਭਾਵਨਾਵਾਂ; ਉਹਨਾਂ ਦੀਆਂ ਸਰੀਰਕ, ਭਾਵਨਾਤਮਕ ਅਤੇ/ਜਾਂ ਸਿੱਖਿਆ ਸਬੰਧੀ ਲੋੜਾਂ; ਉਹਨਾਂ ਦੀ ਉਮਰ, ਲਿੰਗ, ਪਿਛੋਕੜ ਅਤੇ ਹੋਰ ਸਬੰਧਿਤ ਵਿਸ਼ੇਸ਼ਤਾਵਾਂ; ਝੱਲਿਆ ਗਿਆ ਕੋਈ ਨੁਕਸਾਨ ਜਾਂ ਨੁਕਸਾਨ ਤੋਂ ਪੀੜਤ ਹੋਣ ਦਾ ਖਤਰਾ; ਅਤੇ ਹੁਣ ਅਤੇ ਭਵਿੱਖ ਵਿੱਚ, ਬੱਚੇ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਹਰੇਕ ਮਾਪੇ (ਅਤੇ ਸ਼ਾਮਲ ਹੋਰ ਵਿਅਕਤੀਆਂ) ਦੀ ਸਮਰੱਥਾ।

ਹਾਲਾਂਕਿ ਤੁਹਾਡੇ ਹਵਾਲਗੀ ਦੇ ਇਕਰਾਰਨਾਮੇ, ਬਾਲ ਸਹਾਇਤਾ ਭੁਗਤਾਨਾਂ, ਜਾਂ ਬੱਚੇ ਦੀ ਮੁੱਢਲੀ ਰਿਹਾਇਸ਼ ਦੇ ਸਬੰਧ ਵਿੱਚ ਕੇਵਲ ਤੁਹਾਡੀ HIV ਅਵਸਥਾ ਨਿਰਣਾਇਕ ਕਾਰਕ ਨਹੀਂ ਹੋਣੀ ਚਾਹੀਦੀ, ਪਰ ਤੁਹਾਡੀ HIV-ਪਾਜੇਟਿਵ ਅਵਸਥਾ ਜਾਂ ਤੁਹਾਡੇ ਬੱਚੇ ਦੀ HIV-ਪਾਜੇਟਿਵ ਅਵਸਥਾ ਨਾਲ ਜੁੜੇ ਮਾਮਲੇ ਵਿਚਾਰ-ਅਧੀਨ ਲਏ ਜਾ ਸਕਦੇ ਹਨ। ਉਦਾਹਰਨ ਲਈ, ਜੇ ਤੁਹਾਨੂੰ HIV-ਸਬੰਧਿਤ ਅਪੰਗਤਾਵਾਂ ਹਨ ਜੋ ਤੁਹਾਡੇ ਬੱਚੇ ਦੀ ਸਾਂਭ-ਸੰਭਾਲ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰਦੀਆਂ ਹਨ, ਤਾਂ ਇਹ ਸੀਮਾਵਾਂ ਅਤੇ ਇਹਨਾਂ ਨੂੰ ਕਿਸ ਤਰ੍ਹਾਂ ਅਨੁਕੂਲ ਬਣਾਇਆ ਜਾ ਸਕਦਾ ਹੈ, ਇਹ ਫੈਸਲਾ ਕਰਨ ਵਾਸਤੇ ਜਾਇਜ਼ ਵਿਚਾਰ ਹਨ ਕਿ ਕਿਹੜਾ ਬੰਦੋਬਸਤ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ। ਇਸੇ ਤਰ੍ਹਾਂ ਹੀ, ਬੱਚੇ ਦੀਆਂ ਕੋਈ ਵੀ ਵਿਸ਼ੇਸ਼ ਲੋੜਾਂ, ਜਿਸ ਵਿੱਚ ਵਿਸ਼ੇਸ਼ਤਾ-ਪ੍ਰਾਪਤ ਡਾਕਟਰੀ ਸੰਭਾਲ ਅਤੇ ਸਹਾਇਤਾ ਸੇਵਾਵਾਂ ਸ਼ਾਮਲ ਹਨ, ਇਹ ਨਿਰਣਾ ਕਰਨ ਵਿੱਚ ਸੰਭਵ ਤੌਰ ’ਤੇ ਵਿਚਾਰੀਆਂ ਜਾਣਗੀਆਂ ਕਿ ਕਿਹੜੇ ਬੰਦੋਬਸਤ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਹਨ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਹਾਲਾਂਕਿ ਤੁਹਾਡੀ HIV-ਪਾਜੇਟਿਵ ਅਵਸਥਾ ਆਪਣੇ ਤੌਰ ’ਤੇ ਕੋਈ ਨਿਰਣਾਇਕ ਕਾਰਕ ਨਹੀਂ ਹੋਣੀ ਚਾਹੀਦੀ, ਪਰ HIV ਅਜੇ ਵੀ ਇੱਕ ਦਾਗਨੁਮਾ ਬਿਮਾਰੀ ਬਣੀ ਹੋਈ ਹੈ ਅਤੇ ਖਰਵੇ ਵਿਵਾਦਾਂ ਵਿੱਚ, ਕੋਈ ਸਾਬਕਾ ਪਾਰਟਨਰ ਤੁਹਾਡੀ ਬੇਇੱਜ਼ਤੀ ਕਰਨ ਜਾਂ ਤੁਹਾਡਾ ਮਨੋਬਲ ਡੇਗਣ ਲਈ ਇਸਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਸਕਦਾ/ਦੀ ਹੈ। ਜੇ ਤੁਹਾਨੂੰ ਡਰ ਹੈ ਕਿ ਤੁਹਾਡਾ ਸਾਬਕਾ ਪਾਰਟਨਰ ਤੁਹਾਡੀ ਪਰਦੇਦਾਰੀ ਦੀ ਉਲੰਘਣਾ ਕਰ ਸਕਦਾ/ਦੀ ਹੈ ਜਾਂ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਦੇ ਤੁਹਾਡੇ ਅਧਿਕਾਰਾਂ ਨੂੰ ਖੋਰਨ ਲਈ ਤੁਹਾਡੀ HIV-ਪਾਜੇਟਿਵ ਅਵਸਥਾ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਸਕਦਾ/ਦੀ ਹੈ, ਤਾਂ ਸਲਾਹ ਵਾਸਤੇ ਆਪਣੇ ਵਕੀਲ ਅਤੇ ਸਹਾਇਤਾ ਕਾਰਕੁੰਨਾਂ ਦੇ ਨਾਲ ਗੱਲ ਕਰੋ।

**5. ਇੱਕ ਬਾਲ ਸੁਰੱਖਿਆ ਵਰਕਰ ਜਾਂ ਸ਼ੋਸ਼ਲ ਵਰਕਰ ਸਾਡੇ ਪਰਿਵਾਰ ਦੇ ਨਾਲ ਸੰਮਿਲਤ ਹੈ। ਕੀ ਮੈਨੂੰ ਮੇਰੀ HIV-ਪਾਜੇਟਿਵ ਅਵਸਥਾ ਬਾਰੇ ਜਾਂ ਮੇਰੇ ਬੱਚੇ ਦੀ HIV-ਪਾਜੇਟਿਵ ਅਵਸਥਾ ਬਾਰੇ ਨਿੱਜੀ ਸਿਹਤ ਜਾਣਕਾਰੀ ਦਾ ਖੁਲਾਸਾ ਉਸ ਵਿਅਕਤੀ ਕੋਲ ਕਰਨ ਦੀ ਲੋੜ ਹੈ?**

ਸ਼ੋਸ਼ਲ ਵਰਕਰ ਕਈ ਕਾਰਨਾਂ ਕਰਕੇ ਪਰਿਵਾਰਾਂ ਦੇ ਨਾਲ ਸੰਮਿਲਤ ਹੋ ਸਕਦੇ ਹਨ, ਅਤੇ ਜ਼ਿਆਦਾਤਰ ਪ੍ਰਸਥਿਤੀਆਂ ਵਿੱਚ ਕਿਸੇ ਸ਼ੋਸ਼ਲ ਵਰਕਰ ਨੂੰ HIV ਅਵਸਥਾ ਦਾ ਖੁਲਾਸਾ ਕਰਨਾ ਕਨੂੰਨੀ ਤੌਰ ’ਤੇ ਜ਼ਰੂਰੀ ਹੋਵੇਗਾ। ਪਰ, ਇਹ ਖੁਲਾਸਾ ਕਰਨਾ ਮਦਦਗਾਰੀ ਹੋ ਸਕਦਾ ਹੈ ਕਿ ਤੁਸੀਂ ਜਾਂ ਤੁਹਾਡਾ ਬੱਚਾ ਕਿਸੇ ਚਿਰਕਾਲੀਨ ਬਿਮਾਰੀ ਜਾਂ ਬਾਰ-ਬਾਰ ਹੋਣ ਵਾਲੀ ਅਪੰਗਤਾ ਦੇ ਨਾਲ ਜੀਵਨ ਬਸਰ ਕਰ ਰਿਹਾ ਹੈ, ਤਾਂ ਜੋ ਸ਼ੋਸ਼ਲ ਵਰਕਰ ਉਚਿਤ ਸਹਾਇਤਾਵਾਂ ਅਤੇ ਸਿਫਾਰਸ਼ਾਂ ਪ੍ਰਦਾਨ ਕਰਨ ਦੇ ਯੋਗ ਹੋਵੇ। HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕਰਨਾ ਹੈ ਜਾਂ ਨਹੀਂ, ਇਹ ਇੱਕ ਨਿੱਜੀ ਫੈਸਲਾ ਹੁੰਦਾ ਹੈ, ਜਦੋਂ ਤੱਕ ਕਿ ਬੱਚੇ ਜਾਂ ਕਿਸੇ ਹੋਰ ਦੀ ਸੁਰੱਖਿਆ ਵਾਸਤੇ ਜਿਸਦਾ ਸਾਹਮਣਾ ਲਾਗ ਲੱਗਣ ਦੇ ਜਿਕਰਯੋਗ ਖਤਰੇ ਨਾਲ ਹੋ ਚੁੱਕਾ ਹੈ, ਇਸ ਬਾਬਤ ਜਾਣਕਾਰੀ ਲੋੜੀਂਦੀ ਨਾ ਹੋਵੇ।

ਬਾਲ ਸੁਰੱਖਿਆ ਵਰਕਰਾਂ (ਜਿੰਨ੍ਹਾਂ ਵਿੱਚੋਂ ਕਈ ਸ਼ੋਸ਼ਲ ਵਰਕਰ ਹੁੰਦੇ ਹਨ) ਨੂੰ ਬੱਚਿਆਂ ਨੂੰ ਸ਼ੋਸ਼ਣ ਅਤੇ ਅਣਗਹਿਲੀ ਤੋਂ ਬਚਾਉਣ ਲਈ ਵਿਸ਼ੇਸ਼ ਅਧਿਕਾਰ ਮਿਲੇ ਹੁੰਦੇ ਹਨ। ਹਰੇਕ ਸੂਬੇ/ਖਿੱਤੇ ਦਾ ਆਪਣਾ ਖੁਦ ਦਾ ਬਾਲ ਸੁਰੱਖਿਆ ਵਿਧਾਨ ਹੈ, ਪਰ ਇਸ ਵਿਚਲੇ ਤਰਕ ਅਤੇ ਸ਼ਕਤੀਆਂ ਦੇਸ਼ ਭਰ ਵਿੱਚ ਬਹੁਤ ਹੱਦ ਤੱਕ ਮਿਲਦੇ ਜੁਲਦੇ ਹਨ। ਬਾਲ ਸੁਰੱਖਿਆ ਅਦਾਰੇ (ਉਦਾਹਰਨ ਲਈ, ਚਿਲਡਰਨਜ਼ ਏਡ ਸੋਸਾਇਟੀ ਜਾਂ ਚਾਈਲਡ ਐਂਡ ਫੈਮਿਲੀ ਸਰਵਿਸਜ਼) ਸਰੀਰਕ, ਜਿਨਸੀ ਅਤੇ ਭਾਵਨਾਤਮਕ ਸ਼ੋਸ਼ਣ, ਅਣਗਹਿਲੀ, ਤਿਆਗ ਅਤੇ ਸੰਭਾਲ ਕਰਤਾ ਦੀ ਅਸਮਰੱਥਾ ਦੇ ਦੋਸ਼ਾਂ ਦੀ ਜਾਂਚ ਕਰਦੇ ਹਨ। ਉਹ ਪਰਿਵਾਰਾਂ ਨੂੰ ਮਾਰਗ ਦਰਸ਼ਨ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਾਉਂਦੇ ਹਨ, ਅਤੇ ਆਪਣੀ ਸੁਰੱਖਿਆ ਅਧੀਨ ਬੱਚਿਆਂ ਨੂੰ ਸੰਭਾਲ ਪ੍ਰਦਾਨ ਕਰਾਉਂਦੇ ਹਨ।

ਜ਼ਿਆਦਾਤਰ ਮਾਮਲਿਆਂ ਵਿੱਚ, ਬਾਲ ਸੁਰੱਖਿਆ ਵਰਕਰਾਂ ਵਾਸਤੇ ਆਪਣਾ ਕਾਰਜ ਕਰਨ ਲਈ ਤੁਹਾਡੀ ਜਾਂ ਤੁਹਾਡੇ ਬੱਚੇ ਦੀ HIV ਅਵਸਥਾ ਬਾਰੇ ਜਾਣਨਾ ਜ਼ਰੂਰੀ ਨਹੀਂ ਹੋਵੇਗਾ। ਪਰ, ਕੁਝ HIV- ਸਬੰਧਿਤ ਮਾਮਲੇ ਸਬੰਧਿਤ ਵਿਚਾਰ ਹੋ ਸਕਦੇ ਹਨ। ਉਦਾਹਰਨ ਲਈ, ਕੀ ਤੁਸੀਂ ਅਤੇ/ਜਾਂ ਤੁਹਾਡਾ ਬੱਚਾ ਸਿਫਾਰਸ਼ ਕੀਤਾ ਇਲਾਜ ਕਰਵਾ ਰਹੇ ਹੋ ਅਤੇ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰ ਰਹੇ ਹੋ, ਜਾਂ ਕੀ ਖ਼ਰਾਬ-ਸਿਹਤ ਜਾਂ ਅਪੰਗਤਾ ਦੀਆਂ ਮਿਆਦਾਂ ਤੁਹਾਡੇ ਬੱਚੇ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰ ਰਹੀਆਂ ਹਨ – ਇਹ ਜਾਣਕਾਰੀ ਉਸ ਬਾਲ ਸੁਰੱਖਿਆ ਵਰਕਰ ਵਾਸਤੇ ਸਬੰਧਿਤ ਹੋਵੇਗੀ ਜੋ ਤੁਹਾਡੀ ਪਰਿਵਾਰਕ ਪ੍ਰਸਥਿਤੀ ਦਾ ਮੁਲਾਂਕਣ ਕਰ ਰਿਹਾ ਹੈ ਜਾਂ ਤੁਹਾਡੇ ਪਰਿਵਾਰ ਨੂੰ ਸਹਾਇਤਾ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਾ ਰਿਹਾ ਹੈ। ਜੇ ਕਿਸੇ HIV-ਪਾਜੇਟਿਵ ਬੱਚੇ ਨੂੰ ਕਿਸੇ ਬਾਲ ਸੁਰੱਖਿਆ ਅਦਾਰੇ ਵੱਲੋਂ ਸੰਭਾਲ ਵਿੱਚ ਲਿਆ ਜਾ ਰਿਹਾ ਹੈ, ਤਾਂ ਬੱਚੇ ਦੀ ਡਾਕਟਰੀ ਜਾਣਕਾਰੀ ਬਾਲ ਸੁਰੱਖਿਆ ਅਦਾਰੇ ਅਤੇ/ਜਾਂ ਮਤਰੇਏ ਮਾਪੇ ਨੂੰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਨੂੰ ਨਿਰਵਿਘਨ ਇਲਾਜ ਅਤੇ ਸਹਾਇਤਾ ਮਿਲਦੀ ਹੈ।

ਜੇ HIV-ਪਾਜ਼ੇਟਿਵ ਅਵਸਥਾ ਬਾਰੇ ਕਿਸੇ ਸ਼ੋਸ਼ਲ ਵਰਕਰ ਜਾਂ ਬਾਲ ਸੁਰੱਖਿਆ ਵਰਕਰ ਨੂੰ ਪਤਾ ਹੈ, ਤਾਂ ਉਸ ਵਰਕਰ ਕੋਲੋਂ ਉਸ ਜਾਣਕਾਰੀ ਨੂੰ ਗੁਪਤ ਰੱਖਣਾ ਅਤੇ ਇਸਨੂੰ ਕੇਵਲ ਅਧਿਕਾਰਿਤ ਕਰੱਤਵਾਂ ਦੇ ਸਬੰਧ ਵਿੱਚ ਵਰਤਣਾ ਲੋੜਿਆ ਜਾਂਦਾ ਹੈ। ਕਈ ਵਾਰ ਖੁਲਾਸਾ ਕਰਨਾ ਮਦਦਗਾਰੀ ਹੁੰਦਾ ਹੈ ਤਾਂ ਜੋ ਵਰਕਰ ਵਿਭਿੰਨ ਅਦਾਰਿਆਂ ਦੀ ਸ਼ਮੂਲੀਅਤ ਅਤੇ ਤਾਲਮੇਲ ਨੂੰ ਸੁਵਿਧਾਜਨਕ ਬਣਾ ਸਕੇ। ਆਮ ਤੌਰ ’ਤੇ, ਬਾਲ ਸੁਰੱਖਿਆ ਵਰਕਰਾਂ ਦੇ ਨਾਲ ਉਸਾਰੂ ਅਤੇ ਤਾਲਮੇਲ ਵਾਲੇ ਤਰੀਕੇ ਨਾਲ ਸੰਮਿਲਤ ਹੋਏ ਰਹਿਣਾ, ਅਤੇ ਉਹਨਾਂ ਵੱਲੋਂ ਜਾਂਚ ਕੀਤੇ ਜਾ ਰਹੇ ਵਿਸ਼ੇਸ਼ ਸ਼ੰਕਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਸਲਾਹ ਦੇਣਯੋਗ ਹੁੰਦਾ ਹੈ। ਜੇ ਕਿਸੇ ਵਰਕਰ ਨੂੰ ਬਾਅਦ ਵਿੱਚ ਪਤਾ ਚੱਲਦਾ ਹੈ ਕਿ ਕੋਈ ਮਾਮਲਾ ਜਾਂ ਸਮੱਸਿਆ ਤੁਹਾਡੇ ਨਾਲ ਸਾਂਝੀ ਨਹੀਂ ਕੀਤੀ ਗਈ ਸੀ ਤਾਂ ਇਸਦਾ ਤੁਹਾਡੇ ਰਿਸ਼ਤੇ ’ਤੇ ਨਕਾਰਾਤਮਕ ਅਸਰ ਪੈ ਸਕਦਾ ਹੈ।

ਨੋਟ ਕਰੋ ਕਿ ਬਾਲ ਸੁਰੱਖਿਆ ਵਰਕਰਾਂ ਦੇ ਨਾਲ ਤਾਲਮੇਲ ਕਰਨ ਦਾ ਜ਼ਰੂਰੀ ਤੌਰ ’ਤੇ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਆਪਣੇ ਜੀਵਨ ਬਾਰੇ ਹਰੇਕ ਚੀਜ਼ ਦਾ ਖੁਲਾਸਾ ਉਹਨਾਂ ਕੋਲ ਕਰਨ ਦੀ ਲੋੜ ਹੈ ਜਾਂ ਉਹਨਾਂ ਨੂੰ ਤੁਹਾਡੇ ਸਾਰੇ ਰਿਕਾਰਡਾਂ ਤੱਕ ਪਹੁੰਚ ਕਰਨ ਲਈ ਸਹਿਮਤੀ ਦੇਣ ਦੀ ਲੋੜ ਹੈ। ਤੁਹਾਡੇ ਕੋਲ ਸੀਮਾਵਾਂ ਤੈਅ ਕਰਨ ਅਤੇ ਕੇਵਲ ਉਹੀ ਜਾਣਕਾਰੀ ਦੇਣ ਦਾ ਅਧਿਕਾਰ ਹੈ ਜੋ ਉਹਨਾਂ ਦੇ ਸ਼ੰਕਿਆਂ ਨਾਲ ਸਬੰਧਿਤ ਹੈ, ਜਾਂ ਉਹਨਾਂ ਨੂੰ ਕੇਵਲ ਤੀਜੀਆਂ ਧਿਰਾਂ (ਉਦਾਹਰਨ ਲਈ, ਡੇ-ਕੇਅਰ ਜਾਂ ਸਕੂਲੀ ਅਮਲਾ, ਸਿਹਤ-ਸੰਭਾਲ ਪ੍ਰਦਾਨਕ) ਕੋਲੋਂ ਸਬੰਧਿਤ ਜਾਣਕਾਰੀ ਤੱਕ ਪਹੁੰਚ ਕਰਨ ਲਈ ਸਹਿਮਤੀ ਦਿਓ। ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰਨਾ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰ ਸਕਦਾ ਹੈ ਕਿ ਸੀਮਾਵਾਂ ਕਿੱਥੇ ਤੈਅ ਕਰਨੀਆਂ ਹਨ ਅਤੇ ਤੁਹਾਡੇ ਅਧਿਕਾਰਾਂ ਅਤੇ ਤੁਹਾਡੇ ਬੱਚਿਆਂ ਦੇ ਅਧਿਕਾਰਾਂ ਦੀ ਸਭ ਤੋਂ ਵਧੀਆ ਤਰੀਕੇ ਨਾਲ ਰੱਖਿਆ ਕਿਵੇਂ ਕਰਨੀ ਹੈ। ਕਿਸੇ ਵਕੀਲ ਨਾਲ ਗੱਲ ਕਰਨ ਲਈ ਪੁੱਛਣਾ ਜਾਂ ਆਪਣੀਆਂ ਚੋਣਾਂ ਬਾਰੇ ਸੋਚਣ ਲਈ ਸਮੇਂ ਦੀ ਵਾਜਬ ਮਾਤਰਾ ਮੰਗਣਾ ਕੋਈ ਅਜਿਹਾ ਕਾਰਨ ਨਹੀਂ ਹੈ ਜਿਸ ਲਈ ਬਾਲ ਸੁਰੱਖਿਆ ਵਾਲੇ ਕਿਸੇ ਬੱਚੇ ਨੂੰ ਆਪਣੀ ਹਵਾਲਗੀ ਵਿੱਚ ਲੈ ਲੈਣਗੇ; ਇਹ ਵਾਜਬ ਬੇਨਤੀਆਂ ਹਨ, ਪਰ ਤੁਹਾਨੂੰ ਇਹਨਾਂ ਦੀ ਪੈਰਵਾਈ ਕਰਨੀ ਚਾਹੀਦੀ ਹੈ ਅਤੇ ਇਹਨਾਂ ਦੀ ਵਰਤੋਂ ਪ੍ਰਕਿਰਿਆ ਵਿੱਚ ਦੇਰੀ ਕਰਨ ਦੀ ਕੋਸ਼ਿਸ਼ ਵਜੋਂ ਨਹੀਂ ਕਰਨੀ ਚਾਹੀਦੀ।

## 6. ਮੇਰੀ ਬੇਟੀ HIV ਦੇ ਨਾਲ ਜੀਵਨ ਬਸਰ ਕਰ ਰਹੀ ਹੈ। ਕਿਸ ਉਮਰ ’ਤੇ ਮੈਨੂੰ ਉਸਨੂੰ ਦੱਸਣਾ ਪਵੇਗਾ ਕਿ ਉਹ HIV-ਪਾਜ਼ੇਟਿਵ ਹੈ?

ਕੋਈ ਵਿਸ਼ੇਸ਼ ਉਮਰ ਨਹੀਂ ਹੈ ਜਦ ਕਿਸੇ ਮਾਪੇ ਨੂੰ ਕਨੂੰਨਨ ਕਿਸੇ ਬੱਚੇ ਨੂੰ ਲਾਜ਼ਮੀ ਤੌਰ ’ਤੇ ਦੱਸਣਾ ਚਾਹੀਦਾ ਹੈ ਕਿ ਉਹ HIV ਦੇ ਨਾਲ ਜੀਵਨ ਬਸਰ ਕਰ ਰਹੀ ਹੈ, ਪਰ ਉਸਨੂੰ ਉਸ ਸਮੇਂ ਤੱਕ ਸੂਚਿਤ ਕਰ ਦੇਣਾ ਚਾਹੀਦਾ ਹੈ ਜਦ ਉਹ ਆਪਣੇ ਖੁਦ ਦੇ ਡਾਕਟਰੀ ਫੈਸਲੇ ਲੈਣ ਦੇ ਯੋਗ ਹੋ ਜਾਂਦੀ ਹੈ। ਇਸ ਕਰਕੇ, ਜਦ ਬੱਚੇ ਕੋਲ ਡਾਕਟਰੀ ਸੰਭਾਲ ਵਾਸਤੇ ਸਹਿਮਤੀ ਦੇਣਾ ਸ਼ੁਰੂ ਕਰਨ ਦੀ ਸਮਰੱਥਾ ਆ ਜਾਂਦੀ ਹੈ, ਤਾਂ ਕਿਸੇ ਨੂੰ ਉਸਦੀ HIV-ਪਾਜ਼ੇਟਿਵ ਅਵਸਥਾ ਬਾਰੇ ਉਸਨੂੰ ਦੱਸ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਖੁਦ ਦੀ ਸੰਭਾਲ, ਇਲਾਜ ਅਤੇ ਸਹਾਇਤਾ ਵਿੱਚ ਸ਼ਾਮਲ ਹੋ ਸਕੇ।

ਕੋਈ ਬੱਚਾ ਕਦੋਂ ਡਾਕਟਰੀ ਸੰਭਾਲ ਵਾਸਤੇ ਸਹਿਮਤੀ ਦੇਣ ਦੇ ਸਮਰੱਥ ਹੋ ਜਾਂਦਾ ਹੈ, ਇਸ ਵਾਸਤੇ ਕੋਈ ਤੈਅ ਉਮਰ ਨਹੀਂ ਹੈ। ਇਹ ਫੈਸਲਾ ਕਰਨ ਲਈ ਕਿ ਕੀ ਕੋਈ ਬੱਚਾ ਸਮਰੱਥ ਹੈ, ਡਾਕਟਰਾਂ ਨੂੰ ਆਪਣੇ ਸਰਵੋਤਮ ਨਿਰਣੇ ਦੀ ਵਰਤੋਂ ਕਰਨੀ ਪੈਣੀ ਹੈ। ਅਦਾਲਤਾਂ ਨੇ ਫੈਸਲਾ ਕੀਤਾ ਹੈ ਕਿ ਵਿਭਿੰਨ ਉਮਰਾਂ ਦੇ ਬੱਚੇ ਸਹਿਮਤੀ ਦੇਣ ਦੇ ਸਮਰੱਥ ਹੁੰਦੇ ਹਨ – ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਬੱਚਾ ਕਿੰਨ੍ਹਾ ਕੁ ਪਰਿਪੱਕ ਹੈ ਅਤੇ ਡਾਕਟਰੀ ਇਲਾਜ ਕਿੰਨ੍ਹਾ ਕੁ ਗੰਭੀਰ ਹੈ। ਆਮ ਤੌਰ ’ਤੇ, ਬੱਚਿਆਂ ਨੂੰ ਸਹਿਮਤੀ ਦੇਣ ਲਈ ਕਨੂੰਨੀ ਤੌਰ ’ਤੇ ਸਮਰੱਥ ਸਮਝਿਆ ਜਾਂਦਾ ਹੈ ਜੇਕਰ ਉਹ ਡਾਕਟਰੀ ਇਲਾਜ ਵਾਸਤੇ ਲੋੜ, ਇਲਾਜ ਵਿੱਚ ਕੀ ਕੁਝ ਸ਼ਾਮਲ ਹੈ, ਅਤੇ ਜੇ ਉਹ ਇਲਾਜ ਪ੍ਰਾਪਤ ਕਰਦੇ ਹਨ ਤਾਂ ਲਾਭ ਅਤੇ ਖਤਰੇ ਕੀ ਹਨ, ਆਦਿ ਨੂੰ ਸਮਝਦੇ ਹਨ। ਜੇ ਸਿਹਤ-ਸੰਭਾਲ ਪ੍ਰਦਾਨਕ ਇਹਨਾਂ ਚੀਜ਼ਾਂ ਬਾਰੇ ਵਰਣਨ ਕਰਦਾ ਹੈ ਅਤੇ ਫੈਸਲਾ ਕਰਦਾ ਹੈ ਕਿ ਬੱਚਾ ਇਹਨਾਂ ਨੂੰ ਸਮਝਦਾ ਹੈ, ਅਤੇ ਇਹ ਕਿ ਸਿਹਤ ਸੰਭਾਲ ਬੱਚੇ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ, ਤਾਂ ਸਿਹਤ-ਸੰਭਾਲ ਪ੍ਰਦਾਨਕ ਮਾਪਿਆਂ ਜਾਂ ਸਰਪ੍ਰਸਤਾਂ ਕੋਲੋਂ ਆਗਿਆ ਦੇ ਬਿਨਾਂ ਬੱਚੇ ਦਾ ਇਲਾਜ ਕਰ ਸਕਦਾ ਹੈ।

ਖੁਲਾਸੇ ਦੇ ਸਮੇਂ ਬਾਰੇ ਵਿਚਾਰਿਆ ਜਾਣ ਵਾਲਾ ਇੱਕ ਹੋਰ ਤੱਥ ਹੈ ਜਿਨਸੀ ਸਰਗਰਮੀ। ਕਿਉਂਕਿ HIV ਇੱਕ ਜਿਨਸੀ ਤੌਰ ’ਤੇ ਫੈਲਣ ਵਾਲੀ ਲਾਗ ਹੈ, ਨੌਜਵਾਨਾਂ ਦੇ ਜਿਨਸੀ ਤੌਰ ’ਤੇ ਸਰਗਰਮ ਹੋਣ ਤੋਂ ਪਹਿਲਾਂ ਉਹਨਾਂ ਨੂੰ ਉਹਨਾਂ ਦੀ HIV-ਪਾਜੇਟਿਵ ਅਵਸਥਾ ਬਾਰੇ ਸੂਚਿਤ ਕਰ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੀਆਂ ਜਿਨਸੀ ਕਿਰਿਆਵਾਂ ਅਤੇ ਵਧੇਰੇ ਸੁਰੱਖਿਅਤ ਸੰਭੋਗ (sex) ਬਾਰੇ ਸੋਚ-ਸਮਝ ਕੇ ਫੈਸਲੇ ਲੈ ਸਕਣ। ਕੈਨੇਡਾ ਦੇ ਅਪਰਾਧਕ ਕਨੂੰਨ ਤਹਿਤ ਵੀ, HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਤੋਂ ਲੋੜਿਆ ਜਾਂਦਾ ਹੈ ਕਿ “HIV ਫੈਲਣ ਦੀ ਵਾਸਤਵਿਕ ਸੰਭਾਵਨਾ” ਖੜ੍ਹੀ ਕਰਨ ਵਾਲੀਆਂ ਕਿਸੇ ਵੀ ਸਰਗਰਮੀਆਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਉਹ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਆਪਣੇ ਜਿਨਸੀ ਭਾਈਵਾਲਾਂ (sexual partners) ਨੂੰ ਕਰਨ। ਇਸ ਕਰਕੇ ਜਿਨਸੀ ਤੌਰ ’ਤੇ ਸਰਗਰਮ HIV-ਪਾਜੇਟਿਵ ਨੌਜਵਾਨਾਂ ਨੂੰ ਨਾ ਕੇਵਲ HIV ਰੋਕਥਾਮ ਦੀਆਂ ਚੋਣਾਂ ਬਾਰੇ ਸਮਝਣ ਦੀ ਲੋੜ ਹੈ ਸਗੋਂ ਆਪਣੀਆਂ ਕਨੂੰਨੀ ਜਿੰਮੇਵਾਰੀਆਂ ਸਮਝਣ ਦੀ ਵੀ ਲੋੜ ਹੈ। (HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕਰਨ ਲਈ ਅਪਰਾਧਕ ਜਿੰਮੇਵਾਰੀ ਦੇ ਸਬੰਧ ਵਿੱਚ ਹੋਰ ਜਾਣਕਾਰੀ ਵਾਸਤੇ www.aidslaw.ca/criminallaw ਵਿਖੇ ਸਰੋਤ ਦੇਖੋ।)

ਖੁਲਾਸਾ ਕਰਨਾ ਗੁੰਝਲਦਾਰ ਕੰਮ ਹੈ। ਇਹ ਫੈਸਲਾ ਕਰਨਾ ਮੁਸ਼ਕਿਲ ਹੋ ਸਕਦਾ ਹੈ ਕਿ ਕਿਸੇ ਬੱਚੇ ਨੂੰ ਪਰਿਵਾਰ ਵਿੱਚ HIV ਬਾਰੇ ਕਦੋਂ ਦੱਸਿਆ ਜਾਵੇ। ਪਰ, ਚਾਹੇ ਮਾਪੇ ਆਪਣੇ ਬੱਚਿਆਂ ਨੂੰ ਬਿਮਾਰੀ ਬਾਰੇ ਜਾਣਨ ਤੋਂ ਰੋਕਣ ਦੀ ਕੋਸ਼ਿਸ਼ ਵੀ ਕਰਦੇ ਹੋਣ, ਬੱਚੇ ਇਸ ਗੱਲ ਦੀ ਸੂਹ ਲਗਾ ਸਕਦੇ ਹਨ ਕਿ ਕੁਝ ਗਲਤ ਹੈ, ਉਹ ਕੋਈ ਗੱਲਬਾਤ ਸੁਣ ਸਕਦੇ ਹਨ, ਜਾਂ ਦਵਾਈਆਂ ਅਤੇ ਡਾਕਟਰੀ ਟੈਸਟਾਂ ਨੂੰ ਲੈਕੇ ਹੈਰਾਨ ਹੋ ਸਕਦੇ ਹਨ। ਇਸ ਕਰਕੇ ਕਿਸੇ ਬੱਚਿਆਂ ਦੇ ਕਲੀਨਿਕ ਜਾਂ ਬੱਚਿਆਂ ਨਾਲ ਵਿਹਾਰ ਕਰਨ ਵਿੱਚ ਤਜ਼ਰਬਾ ਰੱਖਣ ਵਾਲੀ ਏਡਜ਼ ਸੇਵਾ ਸੰਸਥਾ ਕੋਲੋਂ ਸਹਾਇਤਾ ਮੰਗਣਾ ਸਲਾਹ ਦੇਣਯੋਗ ਹੈ। ਅਜਿਹੀਆਂ ਸੁਵਿਧਾਵਾਂ ਉਮਰ ਅਨੁਸਾਰ ਉਚਿਤ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ।

## ਵਧੇਰੇ ਜਾਣਕਾਰੀ ਵਾਸਤੇ

ਦਾ ਥੈਰੇਸਾ ਗਰੁੱਪ, *How Do I Tell My Kids?* (1999, ਸੋਧਿਆ 2009).

ਫੈਮਿਲੀ ਲਾਅ ਐਜੁਕੇਸ਼ਨ ਫਾਰ ਵਿਮਨ, ***Dealing with the Children's Aid Society: What Parents Should Know*(2013), webinar based on Ontario law. ਆਨਲਾਈਨ:** www.onefamilylaw.ca/en/webinar.

ਇਸ ਬਰੌਸ਼ਰ ਦੀ ਸਮੀਖਿਆ ਕਰਨ ਅਤੇ ਆਪਣੇ ਵਿਚਾਰ ਪ੍ਰਦਾਨ ਕਰਾਉਣ ਵਾਸਤੇ ਅਸੀਂ ਰੀਨੀ ਲੈਂਗ (HALCO), ਲਿਜ਼ ਲਾਚਾਰਪੇਨ (COCQ-SIDA), ਅਤੇ ਸਾਈਮੋਨ ਸ਼ਿੰਡਲਰ (ਦਾ ਟੈਰੇਸਾ ਗਰੁੱਪ) ਦੇ ਅਹਿਸਾਨਮੰਦ ਹਾਂ।

**ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕਨੂੰਨ ਬਾਰੇ ਜਾਣਕਾਰੀ ਹੈ, ਪਰ ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਵਾਸਤੇ, ਕਿਰਪਾ ਕਰਕੇ ਆਪਣੇ ਖੇਤਰ ਵਿੱਚ ਕਿਸੇ ਵਕੀਲ ਨਾਲ ਸੰਪਰਕ ਕਰੋ।**

ਇਹ ਦਸਤਾਵੇਜ਼ ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੇ ਅਧਿਕਾਰਾਂ ਬਾਬਤ ਅੱਠ ਕਿਤਾਬਚਿਆਂ (ਅੰਗਰੇਜ਼ੀ ਅਤੇ ਫਰੈਂਚ ਵਿੱਚ) ਦੀ ਇੱਕ ਲੜੀ ਵਿੱਚ ਇੱਕ ਕਿਤਾਬਚੇ ਵਜੋਂ ਹੋਂਦ ਵਿੱਚ ਆਇਆ।

ਇਸ ਦਸਤਾਵੇਜ਼ ਦੀਆਂ ਕਾਪੀਆਂ Canadian HIV/AIDS Legal Network ਦੀ ਵੈੱਬਸਾਈਟwww.aidslaw.ca'ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ HIV/AIDS Legal Network ਦਾ ਜਿਕਰ ਕਰਨਾ ਲਾਜ਼ਮੀ ਹੈ। ਅਗਲੇਰੀ ਜਾਣਕਾਰੀ ਵਾਸਤੇ, ਲੀਗਲ ਨੈੱਟਵਰਕ ਨੂੰinfo@aidslaw.ca'ਤੇ ਸੰਪਰਕ ਕਰੋ।

**ਇਸ ਦਸਤਾਵੇਜ਼ ਦੇ ਸ਼ੁਰੂਆਤੀ ਅੰਗਰੇਜ਼ੀ ਅਤੇ ਫਰੈਂਚ ਸੰਸਕਰਣਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਫ਼ੰਡ ਸਹਾਇਤਾ ਕੈਨੇਡਾ ਦੇ ਜਨਤਕ ਸੇਹਤ ਅਦਾਰੇ ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਸ ਅਨੁਵਾਦ ਵਾਸਤੇ ਫ਼ੰਡ ਸਹਾਇਤਾ ਓਨਟਾਰੀਓ ਮਿਨਿਸਟਰੀ ਆਫ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੀ। ਪ੍ਰਗਟਾਏ ਗਏ ਨਜ਼ਰੀਏ ਲੇਖਕਾਂ/ਖੋਜਕਾਰਾਂ ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਫ਼ੰਡ ਦੇਣ ਵਾਲਿਆਂ ਦੇ ਦ੍ਰਿਸ਼ਟੀਕੋਣਾਂ ਜਾਂ ਨੀਤੀਆਂ ਦੀ ਝਲਕ ਦਿੰਦੇ ਹੋਣ।**

© Canadian HIV/AIDS Legal Network, 2013